# ਪੰਜਾਬ ਦੀ ਮਹਾਨ ਕਲਾਕਾਰ

# "ਅੰਮ੍ਰਿਤਾ ਸ਼ੇਰਗਿੱਲ"

**ਜਨਮ ਤੇ ਬਚਪਨ-** ਅੰਮ੍ਰਿਤਾ ਸ਼ੇਰਗਿੱਲ ਦਾ ਜਨਮ 30 ਜਨਵਰੀ, 1913 ਨੂੰ ਸਰਦਾਰ ਉਮਰਾਓ ਸਿੰਘ ਦੇ ਘਰ ਮੇਰੀ ਐਂਨਤੋਇਨਤ, ਜੋ ਕਿ ਇੱਕ ਹੰਗਰੀ ਦੀ ਔਰਤ ਸੀ, ਦੀ ਕੁੱਖੋਂ 30 ਜਨਵਰੀ, 1913 ਨੂੰ ਹੋਇਆ। ਇੰਦਰਾ ਉਸ ਦੀ ਛੋਟੀ ਭੈਣ ਸੀ। ਪੰਜ ਸਾਲਾਂ ਦੀ ਉਮਰ ਵਿੱਚ ਅੰਮ੍ਰਿਤਾ ਨੇ ਡਰਾਇੰਗ ਸ਼ੁਰੂ ਕਰ ਦਿੱਤੀ ਸੀ। ਉਸ ਦੀ ਪੜ੍ਹਾਈ ਸਕੂਲ ਦੀ ਥਾਂ ਘਰ ਵਿੱਚ ਹੀ ਕੀਤਾ ਗਿਆ।

**ਸ਼ਿਮਲੇ ਵਿੱਚ-** 1921 ਵਿੱਚ ਅੰਮ੍ਰਿਤਾ ਸ਼ੇਰਗਿੱਲ ਪਰਿਵਾਰ ਨਾਲ ਆ ਗਿਆ ਤੇ ਸ਼ਿਮਲੇ ਵਿੱਚ ਇੱਕ ਸ਼ਹਾਨਾ ਬੰਗਲੇ ਵਿੱਚ ਰਹਿਣ ਲਗਾ। ਅੰਮ੍ਰਿਤਾ ਡਰਾਇੰਗ ਅਤੇ ਪੇਂਟਿੰਗ ਵਿੱਚ ਹੀ ਜੁੱਟੀ ਰਹਿੰਦੀ ਸੀ। ਅਤੇ ਉਹ ਆਪਣੇ ਨੌਕਰਾਂ, ਬੱਚਿਆਂ ਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਮਾਡਲਾਂ ਦੇ ਰੂਪ ਵਿੱਚ ਵਰਤਦੀ ਰਹਿੰਦੀ ਸੀ। ਉਸ ਦੀ ਮਾਂ ਵੱਡੀਆਂ ਵੱਡੀਆਂ ਪਾਰਟੀਆਂ ਦੀ ਸ਼ੌਕੀਨ, ਬੇਹੱਦ ਖਰਚੀਲੀ ਇਸਤਰੀ ਸੀ। ਉਸ ਦਾ ਪਿਤਾ ਆਤਮ-ਮਗਨ, ਸੰਜਮ ਵਾਲਾ ਤੇ ਦਾਰਸ਼ਨਿਕ ਵਿਅਕਤੀ ਸੀ। ਸ਼ਿਮਲੇ ਵਿੱਚ ਉਸ ਦੀਆਂ ਪੇਂਟਿੰਗਾਂ ਤੋਂ ਪ੍ਰਭਾਵਿਤ ਹੋ ਕੇ ਕਲਾ ਪਾਰਖੂਆਂ ਨੇ ਉਸ ਨੂੰ ਪੈਰਿਸ ਜੋ ਕਿ ਦੁਨੀਆ ਦਾ ਕਲਾ ਕੇਂਦਰ ਸੀ ਉੱਥੇ ਜਾਣ ਦੀ ਸਲਾਹ ਦਿੱਤੀ।

Designer Sheets

**ਦੋਸਤ-ਮਿੱਤਰ-** ਅੰਮ੍ਰਿਤਾ ਨਾ ਤਾਂ ਆਦਰਸ਼ਕ ਪਿਆਰ ਵਿੱਚ ਯਕੀਨ ਰੱਖਦੀ ਸੀ ਤੇ ਨਾ ਹੀ ਆਪਣੀਆਂ ਭਾਵਕ ਤੇ ਜਿਨਸੀ ਲੋੜਾਂ ਨੂੰ ਕੁਚਲ ਕੇ ਆਪਣੀ ਕਲਾ ਵਿੱਚ ਸਮੋਣ ਦੇ ਹੱਕ ਵਿੱਚ ਸੀ। ਉਸ ਉੱਪਰ ਪੈਰਿਸ ਦੀ ਮਸ਼ਹੂਰ ਪਿਆਨੋ ਵਾਦਕ ਮੇਰੀ ਲੋਇਜ਼ ਨਾਲ ਹਮ-ਜਿਨਸੀ ਸੰਬੰਧਾਂ ਦੇ ਦੋਸ਼ ਲੱਗੇ। ਉਹ ਵਰਲੇਨ, ਬਾਦਲੇਅਰ, ਦੋਸਤੋਵਸਕੀ, ਚੈਖਵ, ਟਾਮਸ ਮਾਨ, ਜੇਮਸ ਜਾਇਜ, ਡੀ. ਐੱਚ ਲਾਰੈਂਸ, ਤੇ ਐਂਦਰੀ ਐਦੀ ਦੀ ਪ੍ਰਸ਼ੰਸਕ ਸੀ।

**ਪਿਤਾ ਦਾ ਵਿਰੋਧ ਤੇ ਅੰਮ੍ਰਿਤਾ ਦਾ ਭਾਰਤ ਪਰਤਨਾ-** ਉਸ ਦੇ ਬਾਪ ਉਮਰਾਓ ਸਿੰਘ ਨੂੰ ਆਪਣੇ ਉੱਚੇ ਖ਼ਾਨਦਾਨ ਦਾ ਮਾਣ ਸੀ ਤੇ ਉਹ ਪਰੰਪਰਾਗਤ ਕਦਰਾਂ ਦਾ ਸਮਰਥਕ ਸੀ। ਉਸ ਨੂੰ ਡਰ ਸੀ ਕਿ ਉਸ ਦੀ ਧੀ, ਜਿਸਨੇ ਆਪਣੇ ਸ੍ਵੈ-ਨਗਨ ਚਿਤਰ ਬਣਾਏ ਹਨ ਤੇ ਧਰਮ ਤੋਂ ਬੇਮੁੱਖ ਸੀ, ਕਿ ਕਿਤੇ ਉਸ ਦੇ ਮੱਥੇ 'ਤੇ ਕਲੰਕ ਲਵਾ ਕੇ ਉਸ ਦੇ ਜੀਵਨ ਦੀ ਸ਼ਾਂਤੀ ਭੰਗ ਨਾ ਕਰ ਦੇਵੇ, ਸੋ ਉਸ ਨੇ ਉਸ ਨੂੰ ਭਾਰਤ ਆਉਣ ਤੋਂ ਰੋਕਿਆ। ਉਸ ਨੂੰ ਫਿਰ ਬੰਗਾਲੀ ਸਕੂਲ ਦੀਆਂ ਪੇਂਟਿੰਗਾਂ ਦਾ ਆਰਟ ਅੱਧ-ਮਰਿਆ ਲੱਗਾ।

**ਭਾਰਤ ਦੀਆਂ ਲੋਕ ਕਲਾਵਾਂ ਪ੍ਰਤੀ ਮੋਹ-** ਅੰਮ੍ਰਿਤਾ ਨੂੰ ਭਾਰਤ ਦੀਆਂ ਲੋਕ ਕਲਾਵਾਂ, ਸ਼ਿਲਪ, ਤੇ ਫੁਲਕਾਰੀਆਂ ਤੇ ਖੱਡੀ ਉੱਤੇ ਬੁਣੇ ਰੇਸ਼ਮ ਦੀ ਖ਼ੂਬਸੂਰਤੀ ਨੇ ਕੀਲ ਲਿਆ। ਉਸ ਨੂੰ ਹਿੰਦੁਸਤਾਨੀ ਲੋਕਾਂ ਵਿੱਚ ਵਿਦੇਸ਼ੀ ਚੀਜ਼ਾਂ ਦੀ ਖਿੱਚ ਦੇਖ ਬਹੁਤ ਹੈਰਾਨੀ ਹੋਈ। ਉਹ ਹਿੰਦੁਸਤਾਨੀ ਕਪੜਿਆਂ ਨੂੰ ਪੱਛਮੀ ਦੇ ਕਪੜਿਆਂ ਨਾਲੋਂ ਵਧੇਰੇ ਖ਼ੂਬਸੂਰਤ ਸਮਝਦੀ ਸੀ। ਉਸ ਨੇ ਆਪ ਪੱਛਮੀ ਪਹਿਰਾਵਾ ਤਿਆਗ ਕੇ ਸਾੜ੍ਹੀ ਪਹਿਨਣੀ ਸ਼ੁਰੂ ਕਰ ਦਿੱਤੀ।

Designer Sheets

**ਵਿਅਕਤੀਵਾਦੀ-** ਅੰਮ੍ਰਿਤਾ ਵਿਅਕਤੀਵਾਦੀ ਸੀ ਤੇ ਉਹ ਕਲਾ ਦੇ ਖੇਤਰ ਵਿੱਚ ਨਵੀਂ ਤਕਨੀਕ ਵਰਤ ਰਹੀ ਸੀ। ਜਿਸ ਨੂੰ ਕਈ ਲੋਕਾਂ ਨੇ 'ਗੈਰ ਹਿੰਦੁਸਤਾਨੀ' ਕਿਹਾ ਪਰ ਬੁਨਿਆਦੀ ਤੌਰ ਤੇ ਇਹ ਤਕਨੀਕ ਭਾਰਤੀ ਹੀ ਸੀ। ਇਹ ਸੰਚਾਰ ਨਿਰਾ ਹੀ ਸਿਧਾਂਤਿਕ ਪੱਧਰ ਤੇ ਹੀ ਨਹੀਂ, ਬਲਕਿ ਅਜਿਹੇ ਪੱਧਰ ਤੇ ਹੈ ਜਿੱਥੇ ਘਟੀਆ ਜਜ਼ਬਾਤੀ-ਪੁਣੇ ਦੀ ਕੋਈ ਗੁੰਜਾਇਸ਼ ਨਹੀਂ, ਸਗੋਂ ਇਹ ਡੂੰਘੀ ਭਾਵੁਕ ਮਹੱਤਤਾ ਰੱਖਦਾ ਹੈ, ਰੇਖਾ, ਰੰਗ ਤੇ ਡਿਜ਼ਾਈਨ ਉਹ ਕੇਵਲ ਮਿਥਿਹਾਸ ਤੇ ਵੀਰਗਾਥਾ ਤੋਂ ਪ੍ਰੇਰਨਾ ਲੈਣ ਦੀ ਵੀ ਆਲੋਚਕ ਕਰਦੀ ਰਹਿੰਦੀ ਸੀ।

**ਖੂਬਸੂਰਤ ਤੇ ਅਮੀਰ ਘਰਾਣਾ-** ਦੋ ਚੀਜ਼ਾ ਅੰਮ੍ਰਿਤਾ ਦੀਆਂ ਵੈਰੀ ਬਣ ਗਈਆਂ। ਉਸ ਦੀ ਦਿਲ ਫਰੇਬ, ਖੂਬਸੂਰਤੀ ਤੇ ਅਮੀਰ ਘਰਾਣਾ। ਕਈਆਂ ਨੇ ਇਸ ਨੂੰ ਸਫਲਤਾ ਦਾ ਰਾਜ਼ ਦੱਸਿਆ, ਜਿਸ ਨਾਲ ਉਸਦੇ ਮਨ ਨੂੰ ਡੂੰਘੀ ਠੇਸ ਪਹੁੰਚੀ। ਜਦੋਂ ਲੇਖਕ ਉਸਦੀ ਗਲਤ ਕਾਰਨਾ ਕਰਕੇ ਤਰੀਫ ਕਰਦੇ ਤਾਂ ਜਾਂ ਫਿਰ ਉਸਦੀ ਕਿਸੇ ਘਟੀਆ ਪੇਂਟਿੰਗ ਨੂੰ ਸਲਾਹੁੰਦੇ ਤਾਂ ਉਸ ਨੂੰ ਬਹੁਤ ਹੀ ਜ਼ਿਆਦਾ ਗੁੱਸਾ ਚੜ੍ਹ ਜਾਂਦਾ ਸੀ।

**ਦੱਖਣ ਦਾ ਪ੍ਰਭਾਵ-** ਉਸ ਨੂੰ ਦੱਖਣ ਦੇ ਕਾਲੇ-ਕਲੋਟੇ ਮਰਦਾਂ, ਔਰਤਾਂ ਤੇ ਬੱਚਿਆਂ ਤੇ ਸਰੀਰਾਂ ਤੇ ਕੱਪੜਿਆਂ ਨੇ ਮੋਹ ਲਿਆ। ਉਸ ਨੂੰ ਭਾਰਤ ਦੇ ਮੰਦਰਾਂ ਦੀਆਂ ਅਪਸਰਾਵਾਂ ਤੇ ਜਕਸ਼ਨੀਆਂ ਦੀ ਕਮਾਕਤਾ ਤੇ ਵਿਲਾਸਤਾ ਆਪਣੇ ਢੰਗ ਦਾ ਪ੍ਰਗਟਾਵਾ ਹੀ ਜਾਪਿਆ। ਉਸ ਦੀਆਂ ਪੇਂਟਿੰਗਾ ਬਾਰੇ ਕਲਾ- ਆਲੋਚਕ ਈ. ਰਾਮਚੰਦਰ ਤੇ ਬ੍ਰਾਇਨ ਮੌਰਿਸ ਨੇ ਬੜੀਆਂ ਸਾਰਥਕ ਕੀਤੀਆਂ ਹਨ

**ਸ੍ਰੀ ਨਹਿਰੂ ਨਾਲ ਚਿੱਠੀ-ਪੱਤਰ-** 1937 ਵਿੱਚ ਪੰਡਿਤ ਨਹਿਰੂ ਦਿੱਲੀ ਵਿੱਚ ਅੰਮ੍ਰਿਤਾ ਦੀ ਪਰਦਰਸ਼ਨੀ ਦੇਖਣ ਆਇਆ। ਇਸ ਪਿੱਛੋਂ ਸ੍ਰੀ ਨਹਿਰੂ ਨੇ ਉਸ ਨੂੰ ਚਿਠੀ ਲਿਖੀ ਤੇ ਆਪਣੀ ਸ੍ਵੈ-ਜੀਵਨੀ ਭੇਜੀ। ਅੰਮ੍ਰਿਤਾ ਨੇ ਚਿੱਠੀ ਦੇ ਜਵਾਬ ਵਿੱਚ ਬੜੀ ਬੇਬਾਕੀ ਨਾਲ ਲਿਖਿਆ ਕਿ ਉਸ ਨੂੰ ਸ੍ਵੈ-ਜੀਵਨੀਆਂ ਪਸੰਦ ਨਹੀਂ, ਨਾਲ ਹੀ ਉਸ ਨੇ ਲਿਖਿਆ ਕਿ ਉਸ ਦਾ ਖਿਆਲ ਹੈ ਕਿ ਉਨ੍ਹਾਂ ਨੇ ਉਸ ਦੀਆਂ ਪੇਂਟਿਗਾ ਨੂੰ ਦੇਖਿਆ ਹੀ ਨਹੀਂ ਸਗੋਂ ਝਾਤ ਹੀ ਮਾਰੀ ਹੈ।

**ਵਿਆਹ-** ਅੰਮ੍ਰਿਤਾ 1938 ਵਿੱਚ ਹੰਗਰੀ ਚਲੀ ਗਈ ਤੇ ਉੱਥੇ ਉਸ ਨੇ ਆਪਣੇ ਮਾਮੇ ਦੇ ਪੁੱਤਰ ਡਾ. ਵਿਕਟਰ ਐਗਨ ਨਾਲ ਸ਼ਾਦੀ ਕਰ ਲਈ। ਜਦਕਿ ਉਸਦੇ ਮਾਪੇ ਉਸਦੀ ਇਸ ਸ਼ਾਦੀ ਦੇ ਵਿਰੁੱਧ ਸਨ। ਉਹ ਇਸ ਹਕੀਕਤ ਬਾਰੇ ਚਿੰਤਨ ਸੀ ਕਿ ਉਸਦੀ ਰਹਿਣੀ-ਬਹਿਣੀ ਤੇ ਸੋਚਣੀ ਕਰਕੇ ਕਿਸੇ ਹਿੰਦੁਸਤਾਨੀ ਅਮੀਰ ਨੌਜਵਾਨ ਨਾਲ ਉਸਦਾ ਨਿਭਾ ਨਹੀਂ ਹੋਣਾ। ਉਸ ਦੇ ਮਾਮੇ ਦੇ ਪੁੱਤਰ ਨੇ ਜਿਵੇਂ ਉਹ ਸੀ, ਉਵੇਂ ਹੀ ਸਵੀਕਾਰ ਕਰ ਲਿਆ।

**ਸਰਾਇਆ ਵਿੱਚ-** ਦੂਜਾ ਮਹਾਂਯੁੱਧ ਛਿੜਨ ਤੋਂ ਬਾਅਦ ਉਹ ਆਪਣੇ ਪਤੀ ਨਾਲ ਭਾਰਤ ਆ ਗਈ ਸੀ। ਪਹਿਲਾਂ ਉਹ ਕੁੱਝ ਦਿਨ ਦਿੱਲੀ ਤੇ ਫਿਰ ਸ਼ਿਮਲੇ ਰਹੇ। ਗੋਰਖਪੁਰ ਦੇ ਨੇੜੇ ਸਰਾਇਆ ਵਿੱਚ ਅੰਮ੍ਰਿਤਾ ਦੇ ਚਾਚੇ ਸਰ ਸੁੰਦਰ ਸਿੰਘ ਜੀ ਦੀ ਇੱਕ ਸ਼ੂਗਰ ਮਿਲ ਸੀ। ਜਿੱਥੇ ਐਗਨ ਨੂੰ ਨੌਕਰੀ ਮਿਲ ਗਈ। ਪਰ ਉਸ ਨਾਲ ਅਤੇ ਜੋ ਵੀ ਉਸਦੀ ਤਨਖਾਹ ਸੀ ਉਸ ਨਾਲ ਉਹਨਾਂ ਦੋਨਾਂ ਦਾ ਗੁਜ਼ਾਰਾ ਨਹੀਂ ਸੀ ਹੁੰਦਾ ਇਹ

Serial No. 5.

**Notes**

Date 21-09-24

ਦੇਖ ਕੇ ਅੰਮ੍ਰਿਤਾ ਨੇ ਪੋਰਟ੍ਰੇਟ ਦਾ ਕੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ, ਜਿਸ ਤੋਂ ਉਸ ਨੂੰ ਬਹੁਤ ਨਫ਼ਰਤ ਸੀ, ਪਰ ਮਜਬੂਰੀ ਕਾਰਨ ਉਸ ਨੂੰ ਇਹ ਕਰਨਾ ਪਿਆ। ਇੱਥੇ ਉਸ ਨੂੰ ਜਗੀਰਦਾਰੀ ਮਿਲਖ ਦੀ ਬੇਗੀਅਤ ਵੱਢ-ਵੱਢ ਖਾ ਰਹੀ ਸੀ।

**ਇਕੱਲ ਤੇ ਉਦਾਸੀ-** ਅੰਮ੍ਰਿਤਾ ਦੀਆਂ ਬਹੁਤ ਸਾਰੀਆਂ ਪੇਂਟਿੰਗਾਂ, ਵਿਹਲ, ਖਰੇਵੇਂ, ਮਿਲ-ਮਿਲਾਉ ਦੀ ਪੀੜ, ਤਨਹਾਈ ਤੇ ਵਿਹੜਿਆਂ ਵਿੱਚ ਕੈਦ ਔਰਤ ਨੂੰ ਪ੍ਰਗਟਾਉਂਦੀਆਂ ਹਨ। ਉਸ ਨੇ ਆਪਣੇ ਇਕੱਲ ਤੇ ਉਦਾਸੀ ਨੂੰ ਹੀ ਇਨ੍ਹਾਂ ਪੇਂਟਿੰਗਾਂ ਵਿੱਚ ਪੇਸ਼ ਕੀਤਾ ਹੈ। ਸਰਾਇਆ ਵਿੱਚ ਉਸ ਨੇ 'ਪ੍ਰਾਚੀਨ ਕਥਾਕਾਰ', 'ਫੂਲਾ', 'ਮੰਜੀ ਉੱਤੇ ਪਸਰੀ ਹੋਈ ਔਰਤ', 'ਦੁਲਹਨ' ਸਮੇਤ ਤੇਰ੍ਹਾਂ ਚਿੱਤਰ ਬਣਾਏ। ਉਸ ਦੀਆਂ ਰਾਖੀ ਦੇ ਵਿਸ਼ੇ ਦੀਆਂ ਪੇਂਟਿੰਗਾਂ ਮੁਗਲ ਸ਼ੈਲੀ ਦੀਆਂ ਹਨ। ਉਹ ਲਗਾਤਾਰ ਆਪਣੀ ਸ਼ੈਲੀ ਨੂੰ ਬਦਲ ਰਹੀ ਸੀ।

ਸਰਾਇਆ ਵਿਚ ਉਸ ਦੀ ਜ਼ਿੰਦਗੀ ਸੁਰੱਖਿਅਤ ਤੇ ਆਰਾਮਦਾਇਕ ਸੀ। ਪਰ ਬਹੁਤ ਹੀ ਨੀਰਸ ਸੀ। ਉਹ ਕਿਸੇ ਜ਼ਹੀਨ ਆਦਮੀ ਨਾਲ ਗੱਲ ਕਰਨ ਲਈ ਤਰਸਦੀ। ਬਾਅਦ ਵਿਚ ਉਸਨੇ ਹੋਰ ਵੀ ਘੁੱਟਨ ਮਹਿਸੂਸ ਕੀਤੀ। ਤੇ ਉਸ ਨੇ ਕਈ ਮਹੀਨੇ ਬੁਰਸ਼ ਨੂੰ ਹੱਥ ਨਾ ਲਾਇਆ।

**ਲਾਹੌਰ ਵਿਚ-** 1941 ਵਿੱਚ ਅੰਮ੍ਰਿਤਾ ਤੇ ਉਸਦਾ ਪਤੀ ਲਾਹੌਰ ਆ ਗਏ। ਤੇ ਰੀਗਾਰਾਮ ਮੈਨਸ਼ਨਜ਼ ਵਿੱਚ ਦੋ ਮੰਜ਼ਲ ਘਰ ਕਿਆਰੇ ਤੇ ਲੈ ਲਿਆ। ਇੱਥੇ ਉਸਨੇ ਆਪਣੀ ਆਖਰੀ ਅਤੇ ਅਧੂਰੀ ਤਸਵੀਰ ਪੇਂਟ ਕੀਤੀ। 'ਗਵਾਢੇ ਦੇ ਘਰ ਦਾ ਇੱਕ

Designer Sheets

Serial No. 6

**Notes**

Date 21-09-24

ਸਿਖਰਲਾ ਵ੍ਰਿਸ਼ ਤੇ 'ਬੱਚੀਆ ਕਾਲੀਆਂ ਸੱਚਾ'। ਇਸ ਸਮੇਂ ਉਸ ਦੀਆਂ ਪੇਂਟਿੰਗਾ ਦੀ ਕੀਮਤ 250 ਰੁਪਏ ਤੋਂ 450 ਰੁਪਏ ਸੀ। ਪਰ ਖਰੀਦਦਾਰ ਕੋਈ ਵਿਰਲਾ ਹੀ ਮਿਲਦਾ ਸੀ।

**ਦੇਹਾਂਤ-** ਅੰਮ੍ਰਿਤਾ ਆਪਣੀ ਪਰਦਰਸ਼ਨੀ ਦੀ ਤਿਆਰੀ ਕਰ ਰਹੀ ਸੀ ਕਿ ਅਚਾਨਕ ਪੇਚਿਸ਼ ਨਾਲ ਬਿਮਾਰ ਹੋ ਗਈ ਤੇ 5 ਦਸੰਬਰ 1941 ਨੂੰ 29 ਸਾਲਾਂ ਦੀ ਉਮਰ ਵਿੱਚ ਉਸ ਦਾ ਦੇਹਾਂਤ ਹੋ ਗਿਆ। ਦੋ ਦਿਨ ਮਗਰੋਂ ਉਸ ਦਾ ਸਿੱਖ ਰਸਮਾਂ ਅਨੁਸਾਰ ਸਸਕਾਰ ਕੀਤਾ ਗਿਆ।